ਦੱਸਦੀ ਹੈ ਕਿ ਤੁਹਾਨੂੰ ਕਦੋਂ ਮੁਫ਼ਤ ਪਰਿਵਹਨ ਦੇ ਪ੍ਰਾਪਤ ਹੋਣ ਦੀ ਸੰਭਾਵਨਾ ਹੈ ।

ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਸਕੂਲ ਵਾਸਤੇ ਮੁਫ਼ਤ ਪਰਿਵਹਣ ਪ੍ਰਾਪਤ ਹੋਣਾ ਚਾਹੀਦਾ ਹੈ, ਪਰ ਕਾਉਂਨਸਲ ਦਾ ਕਹਿਣਾ ਨਾਂ ਹੈ ਤਾਂ ਤੁਸੀਂ ਕੇਸ ਨੂੰ ਕੋਰਟ ਵਿਚ ਲੈ ਕੇ ਜਾਣ ਦੇ ਸਮਰਥ ਹੋ ਸਕਦੇ ਹੋ ਅਤੇ ਕਾਉਂਨਸਲ ਨੂੰ ਫ਼ਿਰ ਤੋਂ ਸੋਚਣ ਲਈ ਪੁੱਛ ਸਕਦੇ ਹੋ । ਇਸ ਬਾਰੇ ਸਲਾਹ ਲਈ ਜ਼ਿਆਦਾ ਵੇਰਵੇ ਵਾਸਤੇ ਪਿਛਲਾ ਪੰਨਾ ਵੇਖੋ ।

ਇਹ ਪਰਚਾ ਐਜੂਕੇਸ਼ਨ ਲਾ ਯੂਨਿਟ ਵੱਲੋਂ ਲਿਖਿਆ ਗਿਆ ।

ਤੁਸੀਂ ਸਾਡੇ ਨਾਲ ਇੱਥੇ ਸੰਪਰਕ ਕਰ ਸਕਦੇ ਹੋ:


ਐਜੂਕੇਸ਼ਨ ਲਾ ਯੂਨਿਟ,
**(Education Law Unit)**

Govan Law Centre,
47 Burleigh Street,
Glasgow G51 3LB
ਟੈਲੀਫ਼ੋਨ/ਟੈਕਸਟ: 0141 445 1955
ਫ਼ੈਕਸ : 0141 445 3934
ਈ–ਮੇਲ : **advice@edlaw.org.uk**
ਵੈੱਬ : www.edlaw.org.uk


ਤੁਸੀਂ ਇੱਥੋਂ ਵਧੇਰੇ ਸਲਾਹ ਪ੍ਰਾਪਤ ਕਰ ਸਕਦੇ ਹੋ:

ਪੁੱਛ–ਗਿੱਛ ਵਾਸਤੇ: 0845 123 2303
**www.enquire.org.uk**
Scottish Child law Centre
18 ਤੋਂ ਹੇਠਾਂ ਵਾਸਤੇ ਫ਼੍ਰੀ–ਫ਼ੋਨ :0800 328 8970

**getting to school**

# ਸਕੂਲ ਨੂੰ ਜਾਣਾ

ਜਿਥੇ ਤੁਸੀਂ ਰਹਿੰਦੇ ਹੋ, ਜੇਕਰ ਤੁਹਾਡਾ ਸਕੂਲ, ਓਥੋਂ ਲੰਮੇ ਰਾਹ ਤੇ ਹੈ, ਤਾਂ ਤੁਸੀਂ ਸਕੂਲ ਲਈ ਮੁਫ਼ਤ ਪਰਿਵਹਣ ਦੇ ਹਕਦਾਰ ਹੋ ਸਕਦੇ ਹੋ ।

## ਸਕੂਲ ਨੂੰ ਜਾਣਾ

ਇਹ ਪਰਚਾ ਉਨ੍ਹਾਂ ਬੱਚਿਆਂ ਅਤੇ ਜਵਾਨ ਲੋਕਾਂ ਵਾਸਤੇ ਹੈ, ਜਿਨ੍ਹਾਂ ਨੂੰ ਸਕੂਲ ਵਿਚ ਵਾਧੂ ਮਦਦ ਦੀ ਲੋੜ ਹੈ । ਇਹ ਬਰੇਲ, ਔਡਿਓ ਅਤੇ ਹੋਰਨਾਂ ਭਾਸ਼ਾਵਾਂ ਵਿਚ ਵੀ ਉੱਪਲਬਧ ਹੈ ।

## ਸਕੂਲ ਨੂੰ ਜਾਣ ਦੇ ਤਰੀਕੇ

ਸਕੂਲ ਨੂੰ ਜਾਣ ਲਈ ਬਹੁਤ ਤਰ੍ਹਾਂ ਦੇ ਵੱਖ–ਵੱਖ ਤਰੀਕੇ ਹਨ । ਕੁੱਝ ਬੱਚੇ ਤੁਰ ਕੇ ਜਾਂ ਸਾਈਕਲ ਤੇ ਸਕੂਲ ਨੂੰ ਜਾਂਦੇ ਹਨ, ਜਦ ਕਿ ਦੂਸਰੇ ਕਾਰ ਜਾਂ ਟੈਕਸੀ ਵਿਚ ਲਿਫ਼ਟ ਲੈਂਦੇ ਹਨ ਅਤੇ ਕੁੱਝ ਬਸ, ਟ੍ਰੇਨ ਜਾਂ ਇੱਥੇ ਤਕ ਕਿ ਫ਼ੈਰੀ ਜਾਂ ਜਹਾਜ਼ ਵਿਚ ਜਾਂਦੇ ਹਨ ।

ਕਾਨੂੰਨ ਕਹਿੰਦਾ ਹੈ ਕਿ ਜੇਕਰ ਤੁਸੀਂ 8 ਸਾਲ ਤੋਂ ਛੋਟੇ ਹੋ ਤਾਂ ਤੁਹਾਨੂੰ 2 ਮੀਲ ਤਕ ਤੁਰ ਕੇ ਸਕੂਲ ਜਾਣ ਦੇ ਸਮਰਥ ਹੋਣਾ ਚਾਹੀਦਾ ਹੈ । ਜੇਕਰ ਤੁਸੀਂ ਵੱਡੇ ਹੋ ਤਾਂ ਤੁਹਾਡੇ ਤੋਂ ਆਸ ਕੀਤੀ ਜਾਂਦੀ ਹੈ ਕਿ ਤੁਸੀਂ 3 ਮੀਲ ਤਕ ਤੁਰਣ ਦੇ ਸਮਰਥ ਹੋਵੋ । ਉਹ ਰਾਹ ਜਿਥੇ ਤੁਹਾਡੇ ਤੋਂ ਤੁਰਣ ਦੀ ਆਸ ਕੀਤੀ ਜਾਂਦੀ ਹੈ, ਤੁਹਾਡੇ ਵਾਸਤੇ ਸੁਰੱਖਿਅਤ ਹੋਣਾ ਚਾਹੀਦਾ ਹੈ ।

## ਜੇਕਰ ਮੈਂ ਹੋਰ ਪ ਰ੍ਹੇ ਰਹਿੰਦਾ/ਰਹਿੰਦੀ ਹੋਵਾਂ ਤਾਂ ਫ਼ਿਰ ਕੀ ਹੋਵੇਗਾ ?

ਜੇਕਰ ਤੁਸੀਂ ਇਸ ਤੋਂ ਜ਼ਿਆਦਾ ਸਕੂਲ ਤੋਂ ਹੋਰ ਪਰ੍ਹੇ ਰਹਿੰਦੇ ਹੋ, ਜਾਂ ਸਕੂਲ ਲਈ ਤੁਰਨਾ ਸੁਰੱਖਿਅਤ ਨਹੀਂ ਤਾਂ ਕਾਉਨਸਲ ਨੂੰ ਮਦਦ ਕਰਣੀ ਪੈ ਸਕਦੀ ਹੈ ।

ਜ਼ਿਆਦਾਤਰ ਬੱਚਿਆਂ, ਜਿਨ੍ਹਾਂ ਨੂੰ ਸਕੂਲ ਜਾਣ ਵਿਚ ਮਦਦ ਦੀ ਲੋੜ ਹੈ, ਨੂੰ ਬਸ ਜਾਂ ਰੇਲ ਪਾਸ ਜਾਂ ਸਕੂਲ ਜਾਣ ਵਾਸਤੇ ਸਕੂਲ ਬਸ ਜਾਂ ਟੈਕਸੀ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ ।

ਕਈ ਥਾਵਾਂ ਵਿਚ, ਤੁਸੀਂ ਹਰ ਰੋਜ਼ ਸਕੂਲ ਵਾਸਤੇ ਸਫ਼ਰ ਕਰਣ ਲਈ ਜ਼ਿਆਦਾ ਦੂਰ ਰਹਿ ਸਕਦੇ ਹੋ । ਕਈ ਸਕੂਲਾਂ ਵਿਚ ਖਾਸ ਬੋਰਡਿੰਗ ਕਮਰੇ ਹੁੰਦੇ ਹਨ, ਜਿੱਥੇ ਵਿਦਿਆਰਥੀ ਹਫ਼ਤੇ ਦੇ ਦੌਰਾਨ ਰਹਿ ਸਕਦੇ ਹਨ ।

## ਜੇਕਰ ਮੈਨੂੰ ਮਦਦ ਪ੍ਰਾਪਤ ਨਹੀਂ ਹੁੰਦੀ ਤਾਂ ਫ਼ਿਰ ਕੀ ?

ਹਰ ਕਿਸੇ ਨੂੰ ਸਕੂਲ ਤਕ ਸਫ਼ਰ ਕਰਣ ਲਈ ਮਦਦ ਪ੍ਰਾਪਤ ਨਹੀਂ ਹੁੰਦੀ । ਜੇਕਰ ਤੁਸੀਂ ਕਿਸੇ ਵੱਖਰੇ ਸਕੂਲ ਵਿਚ ਹੋ ਕਿਉਂਕਿ ਤੁਹਾਡੇ ਉਥੇ ਜਾਣ ਲਈ ਤੁਹਾਡੇ ਮਾਤਾ–ਪਿਤਾ ਨੇ "ਥਾਂ ਲਈ ਬੇਨਤੀ" ਕੀਤੀ ਹੈ, ਤਾਂ ਤੁਸੀਂ ਸ਼ਾਇਦ ਸਕੂਲ ਜਾਣ ਲਈ ਮੁਫ਼ਤ ਪਰਿਵਹਣ ਪ੍ਰਾਪਤ ਕਰਣ ਦੇ ਸਮਰਥ ਨਾ ਹੋਵੋ । ਤੁਹਾਨੂੰ ਇਸ ਬਾਰੇ ਸਲਾਹ ਪ੍ਰਾਪਤ ਕਰਣੀ ਚਾਹੀਦੀ ਹੈ ।

ਜੇਕਰ ਸਕੂਲ ਪਰਿਵਹਣ ਲਈ ਵਰਤੋਂ ਕੀਤੀ ਜਾਣ ਵਾਲੀ ਸਕੂਲ ਦੀ ਬਸ ਜਾਂ ਹੋਰ ਸਵਾਰੀ ਵਿਚ ਰਾਖਵਾਂ ਥਾਂ ਹੋਵੇ ਤਾਂ ਕਾਉਨਸਲ ਨੂੰ ਦੂਸਰੇ ਵਿਦਿਆਰਥੀਆਂ ਨੂੰ ਰਾਖਵੇਂ ਥਾਂ ਪੇਸ਼ ਕਰਨੇ ਪੈਣਗੇ ।

ਜੇਕਰ ਕਾਉਨਸਲ ਸਕੂਲ ਜਾਣ ਵਾਸਤੇ, ਤੁਹਾਨੂੰ ਮੁਫ਼ਤ ਪਰਿਵਹਣ ਨਾ ਵੀ ਦੇਵੇ, ਤੁਸੀਂ ਸਦਾ ਉਨ੍ਹਾਂ ਨੂੰ ਪੁੱਛ ਸਕਦੇ ਹੋ । ਜ਼ਿਆਦਾਤਰ ਕਾਉਨਸਲਾਂ ਦੀਆਂ ਪਰਿਵਹਣ ਬਾਰੇ ਨੀਤੀਆਂ ਹਨ ਅਤੇ ਇਹ ਤੁਹਾਨੂੰ